# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 - ਏ, ਚੰਡੀਗੜ੍ਹ।**

ਵੱਲ,

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ ਅਤੇ ਐ.ਸਿ.)
2. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈਬਸਾਇਟ ਰਾਹੀਂ)
3. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈਬਸਾਇਟ ਰਾਹੀਂ)

ਮੀਮੋ ਨੰ: 2010/ਸਸਅ/ਕੋਆਰਡੀਨੇਸ਼ਨ/57298
ਮਿਤੀ: ਚੰਡੀਗੜ੍ਹ 06.09.2010

**ਵਿਸ਼ਾ: ਸਕੂਲਾਂ ਵਿੱਚ ਸਵੇਰ ਦੀ ਪ੍ਰਾਰਥਨਾ ਸਭਾ ਬਾਰੇ।**

**ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ. ਸਸਅ/ਕੋਆਰਡੀਨੇਸ਼ਨ/09/51924-62 ਮਿਤੀ 09.07.09, ਸਸਅ/ਕੋਆਰਡੀਨੇਸ਼ਨ/09/76018 ਮਿਤੀ 13.11.09, ਸਸਅ/ਕੋਆਰਡੀਨੇਸ਼ਨ/38018 ਮਿਤੀ 20.05.10, ਸਸਅ/ਡੀ.ਐਸ.ਪੀ.ਡੀ./ਆਰ.ਐਮ.ਐਸ.ਏ./46271 ਮਿਤੀ: 15.07.2010, 2010/ਸਸਅ/ਕੋਆਰਡੀਨੇਸ਼ਨ/55131 ਮਿਤੀ: 27.08.2010 ਦੇ ਸਬੰਧ ਵਿੱਚ।**

1.0 ਉਪਰੋਕਤ ਵਿਸ਼ੇ ਸਬੰਧੀ ਇਸ ਦਫਤਰ ਵੱਲ ਸਮੇਂ ਸਮੇਂ ਸਿਰ ਜਾਰੀ ਕੀਤੇ ਗਏ ਪੱਤਰਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪਿਛਲੇ ਦਿਨੀ ਨਿਰੀਖਣ ਟੀਮਾਂ ਵੱਲੋਂ ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸਕੂਲਾਂ ਵਿੱਚ ਸਵੇਰ ਦੀ ਪ੍ਰਾਰਥਨਾ ਸਭਾ ਬਾਰੇ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਮੇਂ ਦਾ ਧਿਆਨ ਨਹੀਂ ਰੱਖਿਆ ਜਾਂਦਾ। ਜਿਸ ਕਾਰਨ ਪਹਿਲੇ ਪੀਰੀਅਡ ਦਾ ਸਮਾਂ ਘੱਟ ਜਾਂਦਾ ਹੈ। ਇਸ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿ-6 ਸ਼ਾਖਾ) ਦੇ ਮੀਮੋ ਨੰ. 8/19/2005-1ਸਿ:6/463, ਮਿਤੀ 27.02.09 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਸਕੂਲਾਂ ਦਾ ਸਮਾਂ ਹੇਠ ਲਿਖੇ ਅਨੁਸਾਰ ਨਿਯਤ ਕੀਤਾ ਗਿਆ ਸੀ:

| ਗਰਮੀਆਂ | ਘੰਟੀ | ਸਰਦੀਆਂ |
|---|---|---|
| 8:00 ਤੋਂ 8.15 | ਸਵੇਰ ਦੀ ਸਭਾ | 9:00 ਤੋਂ 9:20 |
| 8:15 ਤੋਂ 8.55 | ਪਹਿਲਾ ਪੀਰੀਅਡ | 9:20 ਤੋਂ 10:00 |
| 8:55 ਤੋਂ 9.35 | ਦੂਸਰਾ ਪੀਰੀਅਡ | 10:00 ਤੋਂ 10:40 |
| 9:35 ਤੋਂ 10.15 | ਤੀਸਰਾ ਪੀਰੀਅਡ | 10:40 ਤੋਂ 11:20 |
| 10:15 ਤੋਂ 10.55 | ਚੋਥਾ ਪੀਰੀਅਡ | 11:20 ਤੋਂ 12:00 |
| 10:55 ਤੋਂ 11.35 | ਪੰਜਵਾਂ ਪੀਰੀਅਡ | 12:00 ਤੋਂ 12:40 |
| 11:35 ਤੋਂ 12.00 | ਅੱਧੀ ਛੁਟੀ | 12:40 ਤੋਂ 1:15 |
| 12:00 ਤੋਂ 12.40 | ਛੇਵਾਂ ਪੀਰੀਅਡ | 1:15 ਤੋਂ 1:55 |
| 12:40 ਤੋਂ 1.20 | ਸੱਤਵਾਂ ਪੀਰੀਅਡ | 1:55 ਤੋਂ 2:35 |
| 1:20 ਤੋਂ 2.00 | ਅਠਵਾਂ ਪੀਰੀਅਡ | 2:35 ਤੋਂ 3:15 |
| | ਪ੍ਰਾਰਥਨਾ | 3:15 ਤੋਂ 3:20 |

3.0 ਸਵੇਰ ਦੀ ਸਭਾ ਦੌਰਾਨ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਸਕੂਲ ਮੁੱਖੀ ਸਾਰੇ ਸਟਾਫ ਸਮੇਤ ਪ੍ਰਾਰਥਨਾ ਸਭਾ ਵਿੱਚ ਹਾਜ਼ਰ ਰਹਿਣ। ਪ੍ਰਾਰਥਨਾ ਸਭਾ ਵਿੱਚ ਰਾਸ਼ਟਰੀ ਗਾਣ ਅਨੁਸ਼ਾਸ਼ਿਤ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਕਰਵਾਇਆ ਜਾਵੇ ਕਿਉਂਕਿ ਇਹ ਸਾਡੇ ਨੈਤਿਕ ਕਰਤੱਵਾਂ ਵਿੱਚ ਸ਼ਾਮਿਲ ਹੈ ਅਤੇ ਇਹ ਵਿਦਿਆਰਥੀਆਂ ਨੂੰ ਜੁਬਾਨੀ ਕੰਠ ਹੋਵੇ। ਪ੍ਰਾਰਥਨਾ ਸਭਾ ਦੌਰਾਨ ਗਤੀਵਿਧੀਆਂ ਜਿਵੇਂ ਪੀ.ਟੀ., ਕੁਝ ਚੰਗੇ ਵਿਚਾਰ ਅਧਿਆਪਕ ਜਾਂ ਵਿਦਿਆਰਥੀ ਵੱਲੋਂ ਕਿਸੇ ਵਿਸ਼ੇਸ਼ ਮੁੱਦੇ ਤੇ ਅਡਰੈਸ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਇਸ ਗੱਲ ਨੂੰ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਵਿਦਿਆਰਥੀਆਂ ਦੀ ਹਾਜਰੀ ਪ੍ਰਾਰਥਨਾ ਸਭਾ ਦੌਰਾਨ ਹੀ ਮੁਕੰਮਲ ਕੀਤੀ ਜਾਵੇ ਤਾਂ ਜੋ ਬਾਅਦ ਵਿੱਚ ਕਲਾਸਾਂ ਵਿੱਚ ਹਾਜ਼ਰੀ ਲਗਾਉਣ ਲਈ ਸਮੇਂ ਦੀ ਬਰਬਾਦੀ ਨਾ ਹੋਵੇ।

4.0 ਇਨ੍ਹਾ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ

ਮੀਮੋ ਨੰ: 2009/ਸਸਅ/ਕੋਆਰਡੀਨੇਸ਼ਨ/57299 ਮਿਤੀ: 06.09.2010

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1.0 ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ ।

2.0 ਸਮੂਹ ਜਿਲ੍ਹਾ ਅਤੇ ਮੰਡਲ ਨਿਰੀਖਣ ਟੀਮਾਂ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ